
# Violence and the Sikhs

**Arvind-Pal S. Mandair**
*University of Michigan*

Arvind-Pal S. Mandair is a Professor in the Department of Asian Languages and Cultures, University of Michigan (Ann Arbor). He holds the Tara Singh and Balwant Kaur Chattha and Gurbax Singh and Kirpal Kaur Brar Sikh Studies Endowed Professorship in Sikh Studies. He holds doctoral degrees in the fields of Chemistry and Philosophy/Religion. Though specializing in Sikh and South Asian studies, his research and teaching interests cut across multiple fields including: World Philosophies, continental philosophy, postcolonial theory, translation studies, history and theory of religions, political theory and more recently spirituality and consciousness studies.



Violence and the Sikhs interrogates conventional typologies of violence and non-violence in Sikhism by rethinking the dominant narrative of Sikhism as a deviation from the ostensibly original pacifist-religious intentions and practices of its founders. This Element highlights competing logics of violence drawn from primary sources of Sikh literature, thereby complicating our understanding of the relationship between spirituality and violence, connecting it to issues of sovereignty and the relationship between Sikhism and the State during the five centuries of its history. By cultivating a non-oppositional understanding of violence and spirituality, this Element provides an innovative method for interpreting events of 'religious violence'. In doing so it provides a novel perspective on familiar themes such as martyrdom, Martial Race theory, warfare and (post)colonial conflicts in the Sikh context.




# ਵਾਇਲੈਂਸ ਐਂਡ ਦ ਸਿੱਖਸ ਉਪਰ ਵਿਚਾਰ -ਗੋਸ਼ਟੀ ਦਾ ਆਯੋਜਨ















ਚੰਡੀਗੜ੍ਹ-5 ਜੁਲਾਈ 2022-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਅਤੇ ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਵੱਲੋਂ ਸਿੱਖ ਚਿੰਤਕ ਅਰਵਿੰਦ ਪਾਲ ਸਿੰਘ ਮੰਡੇਰ ਦੀ ਨਵੀਂ ਪੁਸਤਕ 'ਵਾਇਲੈਂਸ ਐਂਡ ਦ ਸਿੱਖਸ' ਉਪਰ ਵਿਚਾਰ-ਗੋਸ਼ਟੀ ਕਰਵਾਈ ਗਈ। ਯੂਨੀਵਰਸਿਟੀ ਵਿਖੇ ਵਿਭਾਗ ਦੇ ਸੈਮੀਨਾਰ ਹਾਲ ਵਿਚ ਕਰਵਾਈ ਗਈ ਇਸ ਗੋਸ਼ਟੀ ਦਾ ਪ੍ਰਸਾਰਨ ਆਨਲਾਈਨ ਵੀ ਕੀਤਾ ਗਿਆ ਜਿਸ ਵਿਚ 150 ਤੋਂ ਵੱਧ ਵਿਦਵਾਨਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ।

ਪ੍ਰੋਗਰਾਮ ਦੇ ਸਵਾਗਤੀ ਸ਼ਬਦਾਂ 'ਚ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਪਾਲ ਸਿੰਘ ਸੰਧੂ ਨੇ ਬੋਲਦਿਆਂ ਕਿਹਾ ਕਿ ਇਹ ਪੁਸਤਕ ਸਿੱਖ ਅਧਿਐਨ ਦੀ ਰੂਪ-ਰੇਖਾ ਨੂੰ ਸੰਯੋਜਿਤ ਕਰਨ ਵਿਚ ਸਹਾਇਕ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਪੁਸਤਕ ਸਿੱਖ ਸਮਾਜ ਦੇ ਅਧਿਐਨ ਦਾ ਸਿਧਾਂਤਕ ਰੂਪ ਅਜੋਕੇ ਸਮੇਂ ਦੇ ਸੰਦਰਭ 'ਚ ਪੇਸ਼ ਕਰਨ ਵਿਚ ਸਫਲ ਰਹੀ ਹੈ।

ਮੁੱਖ ਵਕਤਾ ਡਾ. ਸੁਖਵਿੰਦਰ ਸਿੰਘ ਨੇ ਆਪਣਾ ਖੋਜ ਪੱਤਰ ਪੜ੍ਹਦਿਆਂ ਕਿਹਾ ਕਿ ਇਹ ਪੁਸਤਕ ਸਿੱਖ ਅਧਿਐਨ ਦੇ ਅਨੁਸ਼ਾਸਨ ਵਿਚ ਸਿਧਾਂਤੀਕਾਰ ਅਤੇ ਦਾਰਸ਼ਨਿਕੀਕਰਨ ਦੀ ਵਿਉਂਤ ਨੂੰ ਧਿਆਨ ਵਿਚ ਰੱਖ ਕੇ ਲਿਖੀ ਗਈ ਹੈ। ਇਹ ਪੁਸਤਕ ਵਿਚ ਸ਼ਸਤਰ ਬਲ ਪ੍ਰਯੋਗ ਅਤੇ ਸਿੱਖ ਸਮਾਜ ਦੇ ਆਪਸੀ ਰਿਸ਼ਤੇ ਨੂੰ ਗੁਰਮਤਿ ਦ੍ਰਿਸ਼ਟੀ ਤੋਂ ਵਿਚਾਰਨ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਸ਼ਸਤਰ ਬਲ ਪ੍ਰਯੋਗ ਨੂੰ ਸਿਰਫ ਬਾਹਰੀ ਨਕਾਰਾਤਮਕ ਵਿਵਹਾਰ ਵਜੋਂ ਪ੍ਰਭਾਸ਼ਿਤ ਕਰਨ ਦੀ ਸੀਮਾਬੱਧ ਨੀਤੀ ਨੂੰ ਇਸ ਪੁਸਤਕ ਰਾਹੀਂ ਪ੍ਰਸ਼ਨ ਅਧੀਨ ਲਿਆਂਦਾ ਗਿਆ ਹੈ। ਲੇਖਕ ਦੀ ਧਾਰਨਾ ਹੈ ਕਿ ਇਸ ਪਰਿਭਾਸ਼ਾ ਕਾਰਨ ਹੀ ਧਰਮ ਅਤੇ ਸ਼ਸਤਰ ਬਲ ਪ੍ਰਯੋਗ ਨੂੰ ਪਰਸਪਰ ਵਿਰੋਧੀ ਸਮੀਕਰਨਾਂ ਵਜੋਂ ਮਾਨਤਾ ਮਿਲੀ ਹੈ ਅਤੇ ਦੋਹਾਂ ਦੀ ਪ੍ਰੰਪਰਾਗਤ ਅਰਥ ਸੰਬੰਧਿਤਾ ਨੂੰ ਪੂਰਨ ਰੂਪ ਨਾਲ ਨਕਾਰਤਮਕ ਪ੍ਰਵਾਨ ਕਰ ਲਿਆ ਗਿਆ ਹੈ। ਇਸ ਨਜ਼ਰੀਏ ਤੋਂ ਇਹ ਰਚਨਾ ਸਿੱਖ ਅਧਿਐਨ ਦੇ ਅਨੁਸ਼ਾਸਨ ਵਿਚ ਇਨ੍ਹਾਂ ਦੋਵੇਂ ਵਰਤਾਰਿਆਂ ਦੀ ਪੁਨਰ ਪੜ੍ਹਤ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਬਲ ਦੇ ਬਾਹਰੀ ਪ੍ਰਯੋਗ ਦੀ ਉਚਿਤਤਾ ਨੂੰ ਅਹੰ ਮੁਕਤੀ ਦਾ ਸਿਧਾਂਤ ਹੀ ਊਰਜਾ ਪ੍ਰਦਾਨ ਕਰਦਾ ਹੈ। ਸੋ ਖ਼ਾਲਸਾ ਸ਼ਸਤਰ ਦੀ ਵਰਤੋਂ ਕਰਦਾ ਹੋਇਆ ਵੀ ਉਸ ਦਾ ਖੰਡਨ ਕਰ ਰਿਹਾ ਹੁੰਦਾ ਹੈ।

ਬਾਕੀ ਅਗਲੇ ਪੰਨੇ 'ਤੇ








ਕਿਉਂਕਿ ਉਹ ਇਸ ਦੀ ਬਾਹਰੀ ਸਥਿਤੀ ਨੂੰ ਅੰਤਿਮ ਨਹੀਂ ਮੰਨਦਾ ਸਗੋਂ ਸੀਮਾਬੱਧ ਮੰਨਦਾ ਹੈ। ਉਹ ਅਨਿਆਂ ਆਧਾਰਿਤ ਰਾਜਸੱਤਾ ਦੇ ਵਿਰੁੱਧ ਲੜਦਾ ਹੋਇਆ ਆਪਣੀ ਨਿੱਜੀ ਰਾਜਸੱਤਾ ਦਾ ਲਾਲਚ ਪੈਦਾ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਅਹੰ ਮੁਕਤ ਸ਼ਸਤਰ ਸ਼ਕਤੀ, ਸਮਾਜਿਕ-ਸਭਿਆਚਾਰਕ, ਮਨੋਵਿਗਿਆਨਕ ਉਦੇਸ਼ਾਂ ਤੋਂ ਪ੍ਰੇਰਿਤ ਹਿੰਸਾ ਅਤੇ ਬਾਹਰੀ ਤੌਰ ਸਿੱਖ ਪ੍ਰਤੀਤ ਹੁੰਦੀ ਪਰ ਅੰਤਰੀਵੀ ਪੱਧਰ 'ਤੇ ਸਮਾਜਿਕ, ਸਭਿਆਚਾਰਕ, ਮਨੋਵਿਗਿਆਨਕ ਵਿਕ੍ਰਿਤੀਆਂ ਤੋਂ ਉਤਪੰਨ ਹਿੰਸਾ ਦੇ ਰੂਪਾ ਵਿਚਾਕਾਰ ਨਿਖੇੜਾ ਕਰਕੇ ਦੇਖੇ ਜਾਣ ਦੀ ਲੋੜ ਹੈ।

ਇਸ ਮੌਕੇ ਨਾਦ ਪ੍ਰਗਾਸੁ ਸੰਸਥਾ ਤੋਂ ਪ੍ਰੋ. ਜਗਦੀਸ਼ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚ ਕੀਤੇ ਗਏ ਵਿਸ਼ਲੇਸ਼ਣ ਨਾਲ ਧਰਮ ਅਧਿਐਨ ਅਤੇ ਸਮਾਜ ਵਿਗਿਆਨ ਨਾਲ ਸਬੰਧਤ ਅਨੇਕਾਂ ਅੰਤਰ-ਦ੍ਰਿਸ਼ਟੀਆਂ ਖੋਜਾਰਥੀਆਂ ਅਤੇ ਵਿਦਿਆਰਥੀਆਂ ਸਾਹਮਣੇ ਉਭਰ ਕੇ ਆਈਆਂ ਹਨ। ਉਨ੍ਹਾਂ ਕਿਹਾ ਕਿ ਸਥੂਲ ਹਿੰਸਾ ਦੀ ਕਾਰਜਸ਼ੀਲਤਾ ਆਪਣੇ ਅਰਥ ਪਾਸਾਰਾਂ ਵਿਚ ਸਟੇਟ ਦੇ ਅਧੀਨ ਹੀ ਰਹਿੰਦੀ ਹੈ, ਜਿਸ ਨਾਲ ਹਿੰਸਾ ਦਾ ਅਕਾਲੀ ਨੇਮ ਪ੍ਰਗਟ ਨਹੀਂ ਹੁੰਦਾ। ਇਸ ਦਾ ਪ੍ਰਗਟਾਵਾ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਾਰ ਜੀ ਦੀਆਂ ਸ਼ਹਾਦਤਾਂ ਰਾਹੀਂ ਪ੍ਰਤੱਖ ਹੁੰਦਾ ਹੈ ਪਰ ਸਿੱਖ ਵਿਦਵਾਨਾਂ ਦੁਆਰਾ ਇਨ੍ਹਾਂ ਨੂੰ ਸਿਰਫ ਸਮਾਜਿਕ, ਰਾਜਨੀਤਿਕ ਪ੍ਰਸੰਗ ਤਹਿਤ ਨਿਰਧਾਰਤ ਕਰਨ ਦੇ ਉਲਾਰ ਕਾਰਨ ਇਤਿਹਾਸਕ ਵਿਧੀ ਅਤੇ ਸੈਕੂਲਰ ਰਾਜ ਸੱਤਾ ਦੇ ਅਧੀਨ ਹੀ ਰਹਿ ਜਾਂਦੇ ਹਨ।

ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਹਿੰਸਾ ਨੂੰ ਸੀਮਤ ਅਰਥਾਂ ਤੋਂ ਬਾਹਰ ਕੱਢ ਪ੍ਰੇਮ ਰਾਹੀਂ ਦੂਜੇ ਨੂੰ ਸਮਝਣ ਦਾ ਤਰੀਕਾ ਦੱਸਿਆ ਹੈ। ਸੈਸ਼ਨ ਦੇ ਮੁੱਖ ਮਹਿਮਾਨ ਡਾ. ਦੀਪਿੰਦਰਜੀਤ ਕੌਰ ਰੰਧਾਵਾ ਨੇ ਆਲੋਚਨਾ ਸਿਧਾਂਤ ਦੇ ਹਵਾਲੇ ਨਾਲ ਪੁਸਤਕ ਵਿਚ ਦਰਜ ਸੰਕਲਪਾਂ ਦੀ ਵਿਆਖਿਆ ਕੀਤੀ। ਡਾ.ਸ਼ਿੰਦਰਪਾਲ ਸਿੰਘ ਨੇ ਕਿਹਾ ਕਿ ਸਭਿਅਕ ਸਮਾਜ ਵਿਚ ਹਿੰਸਾ ਦੀ ਕੋਈ ਥਾਂ ਨਹੀਂ ਹੁੰਦੀ।



ਇਸ ਤੋਂ ਦਿੱਲੀ ਯੂਨੀਵਰਸਿਟੀ ਦਿੱਲੀ ਤੋਂ ਪੀ.ਐਚ.ਡੀ. ਖੋਜਾਰਥੀ, ਹਰਕਮਲਪ੍ਰੀਤ ਸਿੰਘ ਨੇ ਕਿਹਾ ਕਿ ਲੇਖਕ ਨੇ ਸਿੱਖ ਅਕਾਦਮਿਕ ਚਿੰਤਨ ਦੀ ਦਵੰਦਤਾ ਦੀ ਪਰਿਸਥਿਤੀ ਦੇ ਸਨਮੁੱਖ ਗੁਰਮਤਿ ਅਨੁਭਵ ਦੀ ਅਨੁਸਾਰੀ ਸੰਕਲਪਿਕ ਸਮਝ ਉਸਾਰਨ ਦੀ ਤਜਵੀਜ਼ ਰੱਖੀ ਹੈ, ਜਿਸ ਨਾਲ ਧਰਮ ਦੇ ਸੰਦਰਭ ਵਿਚ ਹਿੰਸਾ ਅਤੇ ਸ਼ਾਂਤੀ ਦੀ ਪਰਸਪਰ ਵਿਰੋਧਤਾ ਉਜਾਗਰ ਹੋ ਜਾਂਦੀ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਖੋਜਾਰਥੀ ਲਖਵੀਰ ਸਿੰਘ ਨੇ ਕਿਹਾ ਕਿ ਇਹ ਪੁਸਤਕ ਸਿੱਖ ਧਰਮ ਦਰਸ਼ਨ ਚਿੰਤਨ ਵਿਚ ਇਕ ਅਹਿਮ ਪੁਸਤਕ ਹੈ। ਇਹ ਗੁਰਮਤਿ ਪਦਾਵਲੀ ਦਾ ਪੱਛਮੀ ਚਿੰਤਨ ਅਤੇ ਸਿੱਖ ਸੁਰਤਿ ਦੇ ਅਨੁਭਵ ਨੂੰ ਜੋੜਦਿਆਂ ਮੌਲਿਕ ਸੰਕਲਪੀਕਰਨ ਪੇਸ਼ ਕਰਦੀ ਹੈ। ਲੇਖਕ ਹਿੰਸਾ ਅਤੇ ਸ਼ਾਂਤੀ ਦੇ ਪਰਸਪਰ ਵਿਰੋਧਤਾ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਿਆਂ ਸਿੱਖ ਧਰਮ ਦਰਸ਼ਨ ਵਿਚ ਇਕ ਵਿਸ਼ੇਸ਼ ਪ੍ਰਕਾਰ ਦੀ ਅੰਤਰਸਬੰਧਤਾ ਨੂੰ ਉਜਾਗਰ ਕਰਦਾ ਹੈ। ਹਿੰਸਾ 'ਤੇ ਗੱਲ ਕਰਨ ਲਈ ਪਾਠਕ ਨੂੰ ਨਿਆਂ, ਅਨਿਆਂ ਅਤੇ ਵਿਅਕਤੀਗਤਤਾ ਅਤੇ ਸਵੈ ਕੀ ਹੈ, ਦੇ ਸੰਕਲਪਾਂ ਨੂੰ ਜਾਨਣਾ ਜ਼ਰੂਰੀ ਬਣ ਜਾਂਦਾ ਹੈ।

ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਇਹ ਪੁਸਤਕ ਸਿੱਖ ਅਕਾਦਮਿਕ ਜਗਤ ਵਿਚ ਨਵੀਆਂ ਦਿਸ਼ਾਵਾਂ ਉਭਾਰਨ ਵਿਚ ਸਾਰਥਕ ਸਿੱਧ ਹੋਵੇਗੀ ਅਤੇ ਵਿਦਿਆਰਥੀਆਂ ਨੂੰ ਇਸ ਦੀ ਪੜ੍ਹਤ ਅੰਤਰਰਾਸ਼ਟਰੀ ਪੱਧਰ 'ਤੇ ਚੱਲ ਰਹੇ ਸੰਵਾਦ ਵੱਲ ਵੀ ਪ੍ਰੇਰਿਤ ਕਰੇਗੀ।

ਦਿੱਲੀ ਯੂਨੀਵਰਸਿਟੀ ਦਿੱਲੀ ਤੋਂ ਪੀ.ਐਚ.ਡੀ. ਖੋਜਾਰਥੀ ਸੰਦੀਪ ਸ਼ਰਮਾ ਨੇ ਕਿਹਾ ਕਿ ਸਿੱਖ ਸਮਾਜ ਨੂੰ ਤੇਗ਼ ਦੀ ਵਰਤੋਂ ਦੇ ਸਮਾਨੰਤਰ ਇਸ ਦੇ ਪ੍ਰਯੋਗ ਵਿਚ ਸਮਾਜਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਤੱਤਾਂ ਦੇ ਦਖਲ ਦੀ ਪਛਾਣ ਕਰਨਾ ਵੀ ਅਤਿ ਜ਼ਰੂਰੀ ਹੈ। ਇਹ ਪੁਸਤਕ ਹਿੰਸਾ ਦੇ ਪ੍ਰਸ਼ਨ ਨੂੰ ਘੋਖਣ ਲਈ ਇਕ ਨਵੀਨ ਪਹੁੰਚਵਿਧੀ ਉਜਾਗਰ ਕਰਦੀ ਹੈ ਜਿਸ ਨਾਲ ਹਿੰਸਾ ਦੀ ਮਾਨਵ-ਵਿਗਿਆਨਕ ਅਤੇ ਬ੍ਰਹਿਮੰਡੀ ਅਰਥਗਤਤਾ ਵਿਚਲੀ ਦੁਵੱਲਤਾ ਦਾ ਸਮਨਵੈ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ।

ਇਸ ਪੁਸਤਕ ਗੋਸ਼ਟੀ 'ਚ ਡਾ. ਦੀਪਕ ਮਨਮੋਹਨ ਸਿੰਘ, ਡਾ. ਰਾਜੇਸ਼ ਕੁਮਾਰ, ਡਾ. ਜਸਵਿੰਦਰ ਸਿੰਘ ਤੇ ਪ੍ਰੋ. ਦਰਬਾਰਾ ਸਿੰਘ ਬਾਜਵਾ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ, ਵਿਦਿਆਰਥੀਆਂ ਅਤੇ ਖੋਜਾਰਥੀਆਂ ਨੇ ਭਾਗ ਲਿਆ।

# ਪੁਸਤਕ 'ਤੇ ਵਿਚਾਰ-ਚਰਚਾ



**ਚੰਡੀਗੜ੍ਹ**—ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਅਤੇ ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਵੱਲੋਂ ਅਰਵਿੰਦ ਪਾਲ ਸਿੰਘ ਮੰਡੇਰ ਦੀ ਨਵੀਂ ਪੁਸਤਕ 'ਵਾਇਲੈਂਸ ਐਂਡ ਦ ਸਿੱਖਸ' ਉਪਰ ਵਿਚਾਰ-ਗੋਸ਼ਟੀ ਕਰਵਾਈ ਗਈ। ਇਸ ਗੋਸ਼ਟੀ ਦਾ ਪ੍ਰਸਾਰਨ ਆਨਲਾਈਨ ਵੀ ਕੀਤਾ ਗਿਆ।

ਪ੍ਰੋਗਰਾਮ ਦੇ ਸਵਾਗਤੀ ਸ਼ਬਦਾਂ 'ਚ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਪਾਲ ਸਿੰਘ ਸੰਧੂ ਨੇ ਬੋਲਦਿਆਂ ਕਿਹਾ ਕਿ ਇਹ ਪੁਸਤਕ ਸਿੱਖ ਅਧਿਐਨ ਦੀ ਰੂਪ-ਰੇਖਾ ਨੂੰ ਸੰਯੋਜਿਤ ਕਰਨ ਵਿਚ ਸਹਾਇਕ ਹੋਵੇਗੀ। ਮੁੱਖ ਵਕਤਾ ਡਾ. ਸੁਖਵਿੰਦਰ ਸਿੰਘ ਨੇ ਆਪਣਾ ਖੋਜ ਪੱਤਰ ਪੜ੍ਹਦਿਆਂ ਕਿਹਾ ਕਿ ਇਹ ਪੁਸਤਕ ਸਿੱਖ ਅਧਿਐਨ ਦੇ ਅਨੁਸ਼ਾਸਨ ਵਿਚ ਸਿਧਾਂਤੀਕਾਰ ਅਤੇ ਦਾਰਸ਼ਨਿਕੀਕਰਨ ਦੀ ਵਿਉਂਤ ਨੂੰ ਧਿਆਨ ਵਿਚ ਰੱਖ ਕੇ ਲਿਖੀ ਗਈ ਹੈ। ਇਸ ਪੁਸਤਕ ਵਿਚ ਸ਼ਸਤਰ ਬਲ ਪ੍ਰਯੋਗ ਅਤੇ ਸਿੱਖ ਸਮਾਜ ਦੇ ਆਪਸੀ ਰਿਸ਼ਤੇ ਨੂੰ ਗੁਰਮਤਿ ਦ੍ਰਿਸ਼ਟੀ ਤੋਂ ਵਿਚਾਰਨ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਸ਼ਸਤਰ ਬਲ ਪ੍ਰਯੋਗ ਨੂੰ ਸਿਰਫ ਬਾਹਰੀ ਨਕਾਰਾਤਮਕ ਵਿਵਹਾਰ ਵਜੋਂ ਪ੍ਰਭਾਸ਼ਿਤ ਕਰਨ ਦੀ ਸੀਮਾਬੱਧ ਨੀਤੀ ਨੂੰ ਇਸ ਪੁਸਤਕ ਰਾਹੀਂ ਪ੍ਰਸ਼ਨ ਅਧੀਨ ਲਿਆਂਦਾ ਗਿਆ ਹੈ। ਲੇਖਕ ਦੀ ਧਾਰਨਾ ਹੈ ਕਿ ਇਸ ਪਰਿਭਾਸ਼ਾ ਕਾਰਨ ਹੀ ਧਰਮ ਅਤੇ ਸ਼ਸਤਰ ਬਲ ਪ੍ਰਯੋਗ ਨੂੰ ਪਰਸਪਰ ਵਿਰੋਧੀ ਸਮੀਕਰਨਾਂ ਵਜੋਂ ਮਾਨਤਾ ਮਿਲੀ ਹੈ ਅਤੇ ਦੋਹਾਂ ਦੀ ਪ੍ਰੰਪਰਾਗਤ ਅਰਥ ਸੰਬੰਧਤਾ ਨੂੰ ਪੂਰਨ ਰੂਪ ਨਾਲ ਨਕਾਰਾਤਮਕ ਪ੍ਰਵਾਨ ਕਰ ਲਿਆ ਗਿਆ ਹੈ। ਇਸ ਨਜ਼ਰੀਏ ਤੋਂ ਇਹ ਰਚਨਾ ਸਿੱਖ ਅਧਿਐਨ ਦੇ ਅਨੁਸ਼ਾਸਨ ਵਿਚ ਇਨ੍ਹਾਂ ਦੋਵੇਂ ਵਰਤਾਰਿਆਂ ਦੀ ਪੁਨਰ ਪੜ੍ਹਤ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਅਹੰ ਮੁਕਤ ਸ਼ਸਤਰ ਸ਼ਕਤੀ, ਸਮਾਜਿਕ-ਸੱਭਿਆਚਾਰਕ, ਮਨੋਵਿਗਿਆਨਕ ਉਦੇਸ਼ਾਂ ਤੋਂ ਪ੍ਰੇਰਿਤ ਹਿੰਸਾ ਅਤੇ ਬਾਹਰੀ ਤੌਰ ਸਿੱਖ ਪ੍ਰਤੀਤ ਹੁੰਦੀ ਪਰ ਅੰਤਰੀਵੀ ਪੱਧਰ 'ਤੇ ਸਮਾਜਿਕ, ਸੱਭਿਆਚਾਰਕ, ਮਨੋਵਿਗਿਆਨਕ ਵਿਕ੍ਰਿਤੀਆਂ ਤੋਂ ਉਤਪੰਨ ਹਿੰਸਾ ਦੇ ਰੂਪਾਂ ਵਿਚਕਾਰ ਨਿਖੇੜਾ ਕਰਕੇ ਦੇਖੇ ਜਾਣ ਦੀ ਲੋੜ ਹੈ। ਇਸ ਮੌਕੇ ਨਾਦ ਪ੍ਰਗਾਸੁ ਸੰਸਥਾ ਤੋਂ ਪ੍ਰੋ. ਜਗਦੀਸ਼ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚ ਕੀਤੇ ਗਏ ਵਿਸ਼ਲੇਸ਼ਣ ਨਾਲ ਧਰਮ ਅਧਿਐਨ ਅਤੇ ਸਮਾਜ ਵਿਗਿਆਨ ਨਾਲ ਸੰਬੰਧਤ ਅਨੇਕਾਂ ਅੰਤਰ-ਦ੍ਰਿਸ਼ਟੀਆਂ ਖੋਜਾਰਥੀਆਂ ਅਤੇ ਵਿਦਿਆਰਥੀਆਂ ਸਾਹਮਣੇ ਉੱਭਰ ਕੇ ਆਈਆਂ ਹਨ। ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਹਿੰਸਾ ਨੂੰ ਸੀਮਤ ਅਰਥਾਂ ਤੋਂ ਬਾਹਰ ਕੱਢ ਪ੍ਰੇਮ ਰਾਹੀਂ ਦੂਜੇ ਸਮਝਣ ਦਾ ਤਰੀਕਾ ਦੱਸਿਆ ਹੈ। ਡਾ. ਦੀਪਿੰਦਰਜੀਤ ਕੌਰ ਰੰਧਾਵਾ ਨੇ ਆਲੋਚਨਾ ਸਿਧਾਂਤ ਦੇ ਹਵਾਲੇ ਨਾਲ ਪੁਸਤਕ ਵਿਚ ਦਰਜ ਸੰਕਲਪਾਂ ਦੀ ਵਿਆਖਿਆ ਕੀਤੀ। ਡਾ. ਸ਼ਿੰਦਰਪਾਲ ਸਿੰਘ ਨੇ ਕਿਹਾ ਕਿ ਸਭਿਅਕ ਸਮਾਜ ਵਿਚ ਹਿੰਸਾ ਦੀ ਕੋਈ ਥਾਂ ਨਹੀਂ ਹੁੰਦੀ।

ਖੋਜਾਰਥੀ ਸੰਦੀਪ ਸ਼ਰਮਾ ਨੇ ਕਿਹਾ ਕਿ ਸਿੱਖ ਸਮਾਜ ਨੂੰ ਤੇਗ਼ ਦੀ ਵਰਤੋਂ ਦੇ ਸਮਾਨੰਤਰ ਇਸ ਦੇ ਪ੍ਰਯੋਗ ਵਿਚ ਸਮਾਜਿਕ, ਸੱਭਿਆਚਾਰਕ ਅਤੇ ਮਨੋਵਿਗਿਆਨਕ ਤੱਤਾਂ ਦੇ ਦਖਲ ਦੀ ਪਛਾਣ ਕਰਨਾ ਵੀ ਅਤਿ ਜ਼ਰੂਰੀ ਹੈ। ਇਹ ਪੁਸਤਕ ਹਿੰਸਾ ਦੇ ਪ੍ਰਸ਼ਨ ਨੂੰ ਘੋਖਣ ਲਈ ਇਕ ਨਵੀਨ ਪਹੁੰਚ ਵਿਧੀ ਉਜਾਗਰ ਕਰਦੀ ਹੈ।

ਪੰਜਾਬ ਯੂਨੀਵਰਸਿਟੀ ਵਿਖੇ ਵਿਚਾਰ ਗੋਸ਼ਟੀ ਦੌਰਾਨ ਪ੍ਰਧਾਨਗੀ ਮੰਚ 'ਤੇ ਬੈਠੇ ਡਾ. ਦੀਪਿੰਦਰਜੀਤ ਰੰਧਾਵਾ, ਅਮਰਜੀਤ ਸਿੰਘ ਗਰੇਵਾਲ, ਡਾ. ਸ਼ਿੰਦਰਪਾਲ ਸਿੰਘ, ਪ੍ਰੋ. ਜਗਦੀਸ਼ ਸਿੰਘ ਤੇ ਗੁਰਪਾਲ ਸਿੰਘ ਸੰਧੂ ਸੰਬੋਧਨ ਕਰਦੇ ਹੋਏ, ਨਾਲ ਹਾਜ਼ਰ ਸਾਹਿਤ ਪ੍ਰੇਮੀ ਤੇ ਸਾਹਿਤਕਾਰ। ਤਸਵੀਰ : ਕੁਲਵਿੰਦਰ ਸਿੰਘ

# ਪੰਜਾਬ ਯੂਨੀਵਰਸਿਟੀ ਵਿਖੇ ਮੰਡੇਰ ਦੀ ਪੁਸਤਕ 'ਵਾਇਲੈਂਸ ਐਂਡ ਦੀ ਸਿੱਖਜ਼' 'ਤੇ ਵਿਚਾਰ ਗੋਸ਼ਟੀ

ਚੰਡੀਗੜ੍ਹ, 6 ਜੁਲਾਈ (ਪ੍ਰੋ. ਅਵਤਾਰ ਸਿੰਘ)-ਸ਼ਬਦ ਵਿਚਾਰ ਮੰਚ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਨਾਦ ਪ੍ਰਗਾਸ, ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਸਿੱਖ ਚਿੰਤਕ ਅਰਵਿੰਦ ਪਾਲ ਮੰਡੇਰ ਦੀ ਨਵੀਂ ਪੁਸਤਕ 'ਵਾਇਲੈਂਸ ਐਂਡ ਦੀ ਸਿੱਖਜ਼' ਉੱਪਰ ਵਿਚਾਰ-ਗੋਸ਼ਟੀ ਕਰਵਾਈ ਗਈ। ਇਹ ਗੋਸ਼ਟੀ ਇਕੋ ਸਮੇਂ ਆਨਲਾਈਨ ਤੇ ਆਫ਼ਲਾਈਨ ਰੂਪ 'ਚ ਕੀਤੀ ਗਈ, ਜਿਸ 'ਚ 150 ਤੋਂ ਵੀ ਵੱਧ ਡੈਲੀਗੇਟਾਂ ਨੇ ਭਾਗ ਲਿਆ। ਪ੍ਰੋਗਰਾਮ ਦੇ ਸਵਾਗਤੀ ਸ਼ਬਦਾਂ 'ਚ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਪਾਲ ਸਿੰਘ ਸੰਧੂ ਨੇ ਬੋਲਦਿਆਂ ਕਿਹਾ ਇਹ ਪੁਸਤਕ ਸਿੱਖ ਅਧਿਐਨ ਦੀ ਰੂਪ-ਰੇਖਾ ਨੂੰ ਸੰਯੋਜਿਤ ਕਰਨ ਵਿਚ ਸਹਾਇਕ ਹੋਵੇਗੀ ਅਤੇ ਸਿੱਖ ਸਮਾਜ ਦੇ ਅਧਿਐਨ ਦਾ ਸਿਧਾਂਤਕ ਰੂਪ ਅਜੋਕੇ ਸਮੇਂ ਦੇ ਸੰਦਰਭ 'ਚ ਪੇਸ਼ ਕਰਨ ਵਿਚ ਸਫਲ ਰਹੀ ਹੈ। ਇਸ ਪ੍ਰੋਗਰਾਮ ਦੇ ਪ੍ਰਮੁੱਖ ਬੁਲਾਰੇ ਡਾ. ਸੁਖਵਿੰਦਰ ਸਿੰਘ ਨੇ ਆਪਣਾ ਖੋਜ-ਪੱਤਰ ਪੜ੍ਹਦਿਆਂ ਕਿਹਾ ਕਿ ਇਹ ਪੁਸਤਕ ਸਿੱਖ ਅਧਿਐਨ ਦੇ ਅਨੁਸ਼ਾਸਨ 'ਚ ਸਿਧਾਂਤੀਕਾਰ ਅਤੇ ਦਾਰਸ਼ਨੀਕਰਨ ਦੀ ਵਿਉਂਤ ਨੂੰ ਧਿਆਨ ਵਿਚ ਰੱਖ ਕੇ ਲਿਖੀ ਗਈ ਹੈ। ਇਸ ਪੁਸਤਕ 'ਚ ਹਿੰਸਾ ਅਤੇ ਸਿੱਖ ਸਮਾਜ ਦੇ ਆਪਸੀ ਰਿਸ਼ਤੇ ਨੂੰ ਗੁਰਮਤਿ ਦੇ ਪਰਿਪੇਖ ਵਿਚ ਸਮਝਦੇ ਹੋਏ, ਇਸ ਦੀ ਰੂਪ-ਰੇਖਾ ਤਿਆਰ ਕੀਤੀ ਗਈ ਹੈ। ਇਸ ਮੌਕੇ ਨਾਦ ਪ੍ਰਗਾਸ ਸੰਸਥਾ ਤੋਂ ਪ੍ਰੋ. ਜਗਦੀਸ਼ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚ ਕੀਤੇ ਸਹੀ ਵਿਸ਼ਲੇਸ਼ਣ ਨਾਲ ਧਰਮ ਅਧਿਐਨ ਅਤੇ ਸਮਾਜ ਵਿਗਿਆਨ ਨਾਲ ਸੰਬੰਧਿਤ ਸਾਰੀਆਂ ਅੰਤਰ-ਦ੍ਰਿਸ਼ਟੀਆਂ ਖੋਜਾਰਥੀਆਂ ਤੇ ਵਿਦਿਆਰਥੀਆਂ ਸਾਹਮਣੇ ਉੱਤਰ ਕੇ ਆਈਆਂ ਹਨ। ਅਮਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਹਿੰਸਾ ਨੂੰ ਸ਼ਾਬਦਿਕ ਅਤੇ ਸੀਮਤ ਅਰਥਾਂ ਤੋਂ ਬਾਹਰ ਕੱਢ ਪ੍ਰੇਮ ਰਾਹੀਂ ਦੂਜੇ ਨੂੰ ਸਮਝਣ ਦਾ ਤਰੀਕਾ ਦੱਸਿਆ ਹੈ। ਸੈਸ਼ਨ ਦੇ ਮੁੱਖ ਮਹਿਮਾਨ ਡਾ. ਦੀਪਿੰਦਰਜੀਤ ਰੰਧਾਵਾ ਨੇ ਆਲੋਚਨਾ ਸਿਧਾਂਤਕ ਦੇ ਹਵਾਲੇ ਨਾਲ ਪੁਸਤਕ ਵਿਚ ਦਰਜ ਸੰਕਲਪਾਂ ਦੀ ਵਿਆਖਿਆ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਦੇ ਸਾਬਕਾ ਰਜਿਸਟਰਾਰ ਅਤੇ ਪੰਜਾਬੀ ਦੇ ਉੱਘੇ ਆਲੋਚਕ ਡਾ. ਸ਼ਿੰਦਰਪਾਲ ਸਿੰਘ ਨੇ ਵਿਚਾਰ-ਗੋਸ਼ਟੀ ਦੌਰਾਨ ਉੱਠੇ ਮਸਲਿਆਂ 'ਤੇ ਸਵਾਲਾਂ ਦਾ ਸਹੀ ਸੰਦਰਭ ਵਿਚ ਹੱਲ ਪੇਸ਼ ਕਰਦਿਆਂ ਕਿਹਾ ਕਿ ਸੱਭਿਅਕ ਸਮਾਜ 'ਚ ਹਿੰਸਾ ਦੀ ਕੋਈ ਥਾਂ ਨਹੀਂ ਹੁੰਦੀ ਤੇ ਸਿੱਖ ਇਤਿਹਾਸ ਹਿੰਸਾ ਨਾਲ ਨਹੀਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਇਸ ਤੋਂ ਇਲਾਵਾ ਹੋਰ ਖੋਜਾਰਥੀਆਂ ਨੇ ਵੀ ਵਿਚਾਰ ਚਰਚਾ 'ਚ ਭਾਗ ਲਿਆ। ਇਸ ਪੁਸਤਕ ਗੋਸ਼ਟੀ 'ਚ ਡਾ. ਦੀਪਕ ਮਨਮੋਹਨ, ਡਾ. ਰਾਜੇਸ਼ ਕੁਮਾਰ ਤੇ ਪ੍ਰੋ. ਦਰਸ਼ਨ ਸਿੰਘ ਤਾਤਲਾ ਤੋਂ ਇਲਾਵਾ ਹੋਰ ਬਹੁਤ ਸਾਰੇ ਸਾਹਿਤ ਪ੍ਰੇਮੀ ਹਾਜ਼ਰ ਸਨ।


**I.K. GUJRAL PUNJAB TECHNICAL UNIVERSITY JALANDHAR**
www.ptu.ac.in
(Punjab State Govt. University)
Jalandhar-Kapurthala Highway, Kapurthala-144603.

Online applications are invited for dynamic & value-based individuals with consistently good academic/administrative records with proven ability to fill the following post

| Name of Post (s) | Pay Scale | No. of Post(s) |
|---|---|---|
| * Registrar | Rs. 37400-67000 (GP 10000) | 01 |
| * Controller of Examination | Rs. 37400-67000 (GP 10000) | 01 |

*The tenure shall be for a period of three years or attainment of the age of superannuation, whichever is earlier.*

**Eligibility:-** Detail of Eligibility criteria, Procedure for the appointment, General Instructions & guidelines, and online application form are available on the University website **www.ptu.ac.in** and **jobs.ptu.ac.in**

**Application Fee :** The application fee is Rs. 1200/- (Including GST) for General Candidates and Rs. 300/-(Including GST) for SC/ST candidates.

**For further details visit university website www.ptu.ac.in**

**Last date for submission of Online Application : 27/07/2022**

**Last date for submission of Hard copy of Application : 03/08/2022**

**Note :** If any amendment/corrigendum is issued, subsequently, the same will not be published in newspaper, rather it will be uploaded on University's official website **www.ptu.ac.in**

Advt./2022/07/02 No:11/165/2021/15506 Incharge, Recruitment Branch